General Medical Council

# ਜੇ ਤੁਹਾਡਾ ਡਾਕਟਰ ਤੁਹਾਡੇ ਬੱਚੇ ਦੀ ਸੁਰੱਖਿਆ ਬਾਰੇ ਚਿੰਤਿਤ ਹੈ ਤਾਂ ਉਸ ਤੋਂ ਕੀ ਆਸ ਕੀਤੀ ਜਾਏ

ਜੇ ਡਾਕਟਰ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਕਿਸੇ ਬੱਚੇ ਜਾਂ ਕਿਸ਼ੋਰ ਨੂੰ ਦੁਰਵਿਹਾਰ ਜਾਂ ਅਣਗਹਿਲੀ ਦਾ ਖਤਰਾ ਹੈ ਤਾਂ ਉਸ ਲਈ ਬੱਚੇ ਜਾਂ ਕਿਸ਼ੋਰ ਦੀ ਸੁਰੱਖਿਆ ਪੱਕਾ ਕਰਨ ਲਈ ਕਦਮ ਚੁਕਣਾ ਜ਼ਰੂਰੀ ਹੈ। ਅਜੇਹਾ ਹੋਣਾ ਪਰਿਵਾਰਾਂ ਲਈ ਬੜਾ ਦੁਖਦਾਈ ਅਤੇ ਤਣਾਉਪੂਰਨ ਹੋ ਸਕਦਾ ਹੈ ਅਤੇ ਮਾਪਿਆਂ ਦੇ ਮਨ ਵਿਚ ਅਕਸਰ ਇਸ ਬਾਰੇ ਸਵਾਲ ਹੁੰਦੇ ਹਨ ਕਿ ਉਹਨਾਂ ਦਾ ਡਾਕਟਰ ਕੀ ਕਰ ਸਕਦਾ ਹੈ ਅਤੇ ਕੀ ਨਹੀਂ। ਇਹ ਪਰਚਾ ਉਹਨਾਂ ਸਵਾਲਾਂ ਦੇ ਜਵਾਬ ਦੇਣ ਵਿਚ ਮਦਦ ਕਰੇਗਾ।

ਤੁਹਾਡੇ ਮਨ ਵਿਚ ਕਈ ਦੂਜੇ ਸਵਾਲ ਵੀ ਹੋ ਸਕਦੇ ਹਨ ਜਿਨ੍ਹਾਂ ਦੇ ਜਵਾਬ ਇੱਥੇ ਨਹੀਂ ਦਿੱਤੇ ਗਏ ਹਨ, ਇਸ ਲਈ ਅਸੀਂ ਇਸ ਪਰਚੇ ਦੇ ਅਖੀਰ ਵਿਚ ਮਾਰਗਦਰਸ਼ਨ ਅਤੇ ਸਹਾਇਤਾ ਦੇ ਦੂਜੇ ਸ੍ਰੋਤਾਂ ਦੇ ਸੁਝਾਅ ਦਿੱਤੇ ਹਨ।

## ਡਾਕਟਰ ਕੀ ਕਰੇਗਾ ਜੇ ਉਹ ਸੋਚਦਾ ਹੈ ਕਿ ਮੇਰੇ ਬੱਚੇ ਦੀ ਸੁਰੱਖਿਆ ਨੂੰ ਖਤਰਾ ਹੈ?

ਡਾਕਟਰ ਵਲੋਂ ਚੁੱਕੇ ਗਏ ਕਦਮ ਹਾਲਾਤ ਤੇ ਨਿਰਭਰ ਕਰਨਗੇ। ਜਿੱਥੇ ਮੁਮਕਿਨ ਹੋਵੇ, ਡਾਕਟਰ ਲਈ ਤੁਹਾਡੇ ਨਾਲ ਮਿਲ ਕੇ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਨੂੰ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਮਿਲੇ।

ਜੇ ਡਾਕਟਰ ਨੂੰ ਪੱਕਾ ਨਹੀਂ ਹੈ ਕਿ ਆਪਣੀ ਚਿੰਤਾਵਾਂ ਨੂੰ ਕਿਸੇ ਬਾਲ ਸੁਰੱਖਿਆ ਏਜੰਸੀ ਵਿਚ ਲਿਜਾਇਆ ਜਾਏ ਜਾਂ ਨਹੀਂ, ਉਹ ਕਿਸੇ ਤਜਰਬੇਕਾਰ ਸਾਥੀ (ਜਿਵੇਂ, ਕੋਈ ਦੂਜਾ ਡਾਕਟਰ ਜਾਂ ਨਰਸ) ਕੋਲੋਂ ਮਦਦ ਅਤੇ ਸਲਾਹ ਮੰਗੇਗਾ। ਜੇ ਹੋ ਸਕੇ, ਉਹ ਅਜੇਹਾ ਤੁਹਾਡੀ ਜਾਂ ਤੁਹਾਡੀ ਬੱਚੇ ਦੀ ਪਛਾਣ ਕੀਤੇ ਬਿਨਾ ਕਰੇਗਾ।

ਜੇ ਕਿਸੇ ਡਾਕਟਰ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਕਿਸੇ ਬੱਚੇ ਨੂੰ ਦੁਰਵਿਹਾਰ ਜਾਂ ਅਣਗਹਿਲੀ ਦਾ ਖਤਰਾ ਹੈ, ਜਾਂ ਉਹ ਇਹਨਾਂ ਦਾ ਸ਼ਿਕਾਰ ਹੈ, ਤਾਂ ਡਾਕਟਰ ਲਈ ਜ਼ਰੂਰੀ ਹੈ ਕਿ ਉਹ ਇਸਦੇ ਬਾਰੇ ਉਸ ਏਜੰਸੀ ਨੂੰ ਦੱਸੇ ਜੋ ਬੱਚਿਆਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ, ਜਿਵੇਂ ਸਥਾਨਕ ਅਥਾਰਟੀ ਦੀਆਂ ਬਾਲ ਸੇਵਾਵਾਂ ਜਾਂ NSPCC.

## ਕੁਝ ਕਰਨ ਤੋਂ ਪਹਿਲਾਂ ਕੀ ਡਾਕਟਰ ਮੇਰੇ ਨਾਲ ਗੱਲ ਕਰੇਗਾ?

ਜੇ ਤੁਹਾਡੇ ਡਾਕਟਰ ਨੂੰ ਤੁਹਾਡੇ ਬੱਚੇ ਦੀ ਸੁਰੱਖਿਆ ਬਾਰੇ ਚਿੰਤਾ ਹੈ ਤਾਂ ਆਮ ਤੌਰ ਤੇ ਉਹ ਤੁਹਾਨੂੰ ਇਸ ਬਾਰੇ ਦੱਸੇਗਾ, ਅਤੇ ਇਸ ਬਾਰੇ ਵੀ ਤੁਹਾਡੇ ਨਾਲ ਗੱਲ ਕਰੇਗਾ ਕਿ ਇਹਨਾਂ ਚਿੰਤਾਵਾਂ ਦਾ ਹਲ ਕੱਢਣ ਲਈ ਉਹ ਕੀ ਕਰੇਗਾ। ਸਿਰਫ ਇੱਕ ਕਾਰਨ ਕਰਕੇ ਉਹ ਤੁਹਾਨੂੰ ਨਹੀਂ ਦੱਸੇਗਾ - ਜੇ ਉਹ ਸੋਚਦਾ ਹੈ ਕਿ ਤੁਹਾਨੂੰ ਦੱਸਣ ਨਾਲ ਬੱਚੇ ਨੂੰ ਨੁਕਸਾਨ ਪਹੁੰਚਣ ਦਾ ਖਤਰਾ ਹੋਰ ਵੱਧ ਜਾਏਗਾ।

ਤੁਹਾਨੂੰ ਸਵਾਲ ਪੁਛਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਤੁਹਾਡੇ ਸਵਾਲਾਂ ਦਾ ਖੁੱਲ੍ਹ ਕੇ ਅਤੇ ਈਮਾਨਦਾਰੀ ਨਾਲ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਡਾਕਟਰ ਨੂੰ ਤੁਹਾਡੀ ਗੱਲ ਸੁਣਨੀ ਚਾਹੀਦੀ ਹੈ ਅਤੇ ਦੁਰਵਿਹਾਰ ਜਾਂ ਅਣਗਹਿਲੀ ਵਿਖਾ ਸਕਣ ਵਾਲੀਆਂ ਸੱਟਾਂ ਜਾਂ ਦੂਜੀਆਂ ਨਿਸ਼ਾਨੀਆਂ ਦੇ ਦੂਜੇ ਮੁਮਕਿਨ ਕਾਰਨਾਂ ਬਾਰੇ ਸੋਚਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ।

## ਆਪਣੀਆਂ ਚਿੰਤਾਵਾਂ ਬਾਰੇ ਕੀ ਡਾਕਟਰ ਮੇਰੇ ਬੱਚੇ ਨਾਲ ਗੱਲ ਕਰੇਗਾ?

ਤੁਹਾਡੇ ਡਾਕਟਰ ਨੂੰ ਤੁਹਾਡੇ ਬੱਚੇ ਨਾਲ ਸਿੱਧੀ ਗੱਲ ਕਰਨੀ ਚਾਹੀਦੀ ਹੈ ਅਤੇ ਉਸਦੀ ਉਮਰ ਅਤੇ ਵਿਕਾਸ ਨੂੰ ਧਿਆਨ ਵਿਚ ਰੱਖਦੇ ਹੋਏ ਉਸਦੀ ਗੱਲ ਸੁਣਨੀ ਚਾਹੀਦੀ ਹੈ। ਕੋਈ ਵੀ ਫੈਸਲਾ ਕਰਨ ਲਗਿਆਂ ਉਸਨੂੰ ਬੱਚੇ ਦੇ ਵਿਚਾਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਜੇ ਬੱਚੇ ਨੂੰ ਤੁਹਾਡੀ ਗੈਰਹਾਜ਼ਰੀ ਵਿਚ ਆਪਣੀਆਂ ਸਮੱਸਿਆਵਾਂ ਬਾਰੇ ਗੱਲ ਕਰਨ ਵਿਚ ਮਦਦ ਮਿਲਦੀ ਹੋਵੇ ਤਾਂ ਤੁਹਾਡਾ ਬੱਚਾ ਡਾਕਟਰ ਨਾਲ ਤੁਹਾਡੇ ਬਿਨਾ ਗੱਲ ਕਰ ਸਕਦਾ ਹੈ।

## ਆਪਣੀਆਂ ਚਿੰਤਾਵਾਂ ਬਾਰੇ ਕਿਸੇ ਹੋਰ ਨੂੰ ਦੱਸਣ ਲਈ ਕੀ ਡਾਕਟਰ ਨੂੰ ਮੇਰੀ ਸਹਿਮਤੀ ਦੀ ਲੋੜ ਹੈ?

ਤੁਹਾਡੇ ਬਾਰੇ ਅਤੇ ਤੁਹਾਡੇ ਬੱਚੇ ਬਾਰੇ ਜਾਣਕਾਰੀ ਆਪਣੀ ਸਿਹਤ ਦੇਖਭਾਲ ਟੀਮ ਦੇ ਬਾਹਰ ਕਿਸੇ ਹੋਰ ਨਾਲ ਸਾਂਝੀ ਕਰਨ ਲਈ ਆਮ ਤੌਰ ਤੇ ਡਾਕਟਰ ਨੂੰ ਤੁਹਾਡੀ ਸਹਿਮਤੀ ਦੀ ਲੋੜ ਹੋਵੇਗੀ। ਉਹ ਤੁਹਾਡੀ ਸਹਿਮਤੀ ਮੰਗੇਗਾ ਬਸ਼ਰਤੇ ਕਿ ਅਜੇਹਾ ਨਾ ਕਰਨ ਲਈ ਉਸ ਕੋਲ ਕੋਈ ਠੋਸ ਕਾਰਨ ਨਾ ਹੋਵੇ, ਜਿਵੇਂ ਕਿ ਡਾਕਟਰ ਦੇ ਵਿਚਾਰ ਵਿਚ ਅਜੇਹਾ ਕਰਨ ਨਾਲ ਤੁਹਾਡੇ ਬੱਚੇ ਲਈ ਜੋਖਮ ਦਾ ਵੱਧ ਹੋਣਾ। ਅਜੇਹੇ ਹਾਲਾਤ ਵਿਚ ਡਾਕਟਰ ਤੁਹਾਡੇ ਕੋਲੋਂ ਸਹਿਮਤੀ ਲਏ ਬਿਨਾ ਜਾਣਕਾਰੀ ਸਾਂਝੀ ਕਰ ਸਕਦਾ ਹੈ।

ਜੇ ਤੁਹਾਡਾ ਬੱਚਾ ਸਿਆਣਾ ਹੋ ਗਿਆ ਹੈ ਅਤੇ ਫੈਸਲੇ ਕਰਨ ਦੀ ਸਮਝ ਉਸਨੂੰ ਹੈ, ਤਾਂ ਡਾਕਟਰ ਨੂੰ ਜਾਣਕਾਰੀ ਸਾਂਝੀ ਕਰਨ ਲਈ ਸਹਿਮਤੀ ਬੱਚਾ ਦੇ ਸਕਦਾ ਹੈ। ਜੇ ਨਹੀਂ, ਤਾਂ ਤੁਹਾਨੂੰ ਆਪਣੇ ਲਈ ਅਤੇ ਬੱਚੇ ਲਈ ਸਹਿਮਤੀ ਦੇਣ ਲਈ ਪੁਛਿਆ ਜਾਏਗਾ।

ਸਹਿਮਤੀ ਲੈਣ ਸਮੇਂ ਤੁਹਾਡੇ ਡਾਕਟਰ ਨੂੰ ਤੁਹਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਕਿਹੜੀ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹੈ, ਕਿਸ ਦੇ ਨਾਲ ਸਾਂਝੀ ਕਰਨਾ ਚਾਹੁੰਦਾ ਹੈ ਅਤੇ ਕਿਉਂ, ਅਤੇ ਜਾਣਕਾਰੀ ਦੀ ਵਰਤੋਂ ਕਿੰਜ ਕੀਤੀ ਜਾਵੇਗੀ।

## ਜੇ ਮੈਂ ਅਤੇ ਮੇਰਾ ਬੱਚਾ ਸਹਿਮਤੀ ਦੇਣ ਤੋਂ ਇਨਕਾਰ ਕਰ ਦੇਈਏ ਤਾਂ ਕੀ ਹੋਵੇਗਾ?

ਡਾਕਟਰ ਇਸ ਗੱਲ ਤੇ ਵਿਚਾਰ ਕਰੇਗਾ ਕਿ ਸਹਿਮਤੀ ਦੇਣ ਤੋਂ ਇਨਕਾਰ ਕਿਉਂ ਕੀਤਾ ਗਿਆ ਹੈ। ਡਾਕਟਰ ਇਹ ਵੀ ਸੋਚੇਗਾ ਕਿ ਜਾਣਕਾਰੀ ਸਾਂਝੀ ਨਾ ਕਰਨ ਨਾਲ ਬੱਚੇ ਨੂੰ ਕੀ ਨੁਕਸਾਨ ਹੋ ਸਕਦਾ ਹੈ।

ਜੇ ਤੁਹਾਡਾ ਡਾਕਟਰ ਸੋਚਦਾ ਹੈ ਕਿ ਤੁਹਾਡੇ ਬੱਚੇ ਨੂੰ ਕਾਫੀ ਨੁਕਸਾਨ ਹੋਣ ਦਾ ਖਤਰਾ ਹੈ ਤਾਂ ਆਮ ਤੌਰ ਤੇ ਉਹ ਜਾਣਕਾਰੀ ਕਿਸੇ ਅਜੇਹੇ ਨਾਲ ਸਾਂਝੀ ਕਰੇਗਾ ਜੋ ਬੱਚਿਆਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ ਅਤੇ ਆਮ ਤੌਰ ਤੇ ਤੁਹਾਨੂੰ ਦੱਸੇਗਾ ਕਿ ਉਸਨੇ ਅਜੇਹਾ ਕਿਉਂ ਕੀਤਾ ਹੈ।

## ਕੀ ਡਾਕਟਰਾਂ ਲਈ ਗੁਪਤਤਾ ਦਾ ਸਨਮਾਨ ਕਰਨਾ ਜ਼ਰੂਰੀ ਨਹੀਂ ਹੈ?

ਬੱਚਿਆਂ, ਕਿਸ਼ੋਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਗੁਪਤ ਡਾਕਟਰੀ ਦੇਖਭਾਲ ਅਤੇ ਸਲਾਹ ਪ੍ਰਾਪਤ ਕਰਨ ਦਾ ਹੱਕ ਹੈ। ਪਰ ਕਈ ਵਾਰੀ, ਦੁਰਵਿਹਾਰ ਅਤੇ ਅਣਗਹਿਲੀ ਤੋਂ ਬੱਚਿਆਂ ਅਤੇ ਕਿਸ਼ੋਰਾਂ ਦੀ ਸੁਰੱਖਿਆ ਕਰਨ ਲਈ ਡਾਕਟਰਾਂ ਨੂੰ ਜਾਣਕਾਰੀ ਦੂਜਿਆਂ ਨਾਲ ਸਾਂਝੀ ਕਰਨੀ ਪੈਂਦੀ ਹੈ।

## ਹੋਰ ਮਦਦ ਅਤੇ ਸਲਾਹ ਲਈ ਮੈਂ ਕਿੱਥੇ ਜਾਵਾਂ?

**NSPCC** ਇੱਕ ਕੌਮੀ ਚੈਰਿਟੀ ਹੈ ਜੋ ਬੱਚਿਆਂ ਅਤੇ ਕਿਸ਼ੋਰਾਂ ਦੇ ਵਲੋਂ ਮੁਹਿੰਮ ਚਲਾ ਰਹੀ ਹੈ। NSPCC ਦੀਆਂ ਹੈਲਪਲਾਈਨਾਂ ਹਨ ਜਿਨ੍ਹਾਂ ਨੂੰ ਬੱਚੇ ਅਤੇ ਵੱਡੇ ਸਲਾਹ ਅਤੇ ਸਹਾਇਤਾ ਲਈ ਫੋਨ ਕਰ ਸਕਦੇ ਹਨ। ਬੱਚੇ ਅਤੇ ਕਿਸ਼ੋਰ ਚਾਈਲਡ ਲਾਈਨ ਨੂੰ 0800 111 ਨੰਬਰ ਤੇ ਫੋਨ ਕਰ ਸਕਦੇ ਹਨ। ਬਾਲਗ ਲੋਕ ਮਦਦ ਅਤੇ ਸਲਾਹ ਲਈ 0808 800 5000 ਨੰਬਰ ਤੇ ਫੋਨ ਕਰ ਸਕਦੇ ਹਨ।
**www.nspcc.org.uk**

**ਪਰਿਵਾਰਕ ਅਧਿਕਾਰ ਗਰੁੱਪ** (FRG) ਉਹਨਾਂ ਪਰਿਵਾਰਾਂ ਨੂੰ ਗੁਪਤ ਸਲਾਹ ਅਤੇ ਸਹਾਇਤਾ ਦੇਂਦੇ ਹਨ ਜਿਨ੍ਹਾਂ ਦੇ ਬੱਚੇ ਲੋਕਲ ਅਥਾਰਟੀ ਬਾਲ ਸੇਵਾਵਾਂ ਵਿਚ ਹਿੱਸਾ ਲੈ ਰਹੇ ਹਨ। ਪਰਿਵਾਰ ਇਸਦੀ ਮੁਫਤ ਸਲਾਹ ਸੇਵਾ ਨੂੰ 0808 801 0366 ਨੰਬਰ ਤੇ ਫੋਨ ਕਰ ਸਕਦੇ ਹਨ ਜਾਂ ਇਸ ਪਤੇ ਤੇ ਈਮੇਲ ਭੇਜ ਸਕਦੇ ਹਨ: advice@frg.org.uk. FRG ਦੀ ਵੈਬਸਾਈਟ ਤੇ ਕਈ ਤਰ੍ਹਾਂ ਦੀਆਂ ਮੁਫਤ ਸਲਾਹ ਸ਼ੀਟਾਂ ਵੀ ਉਪਲਬਧ ਹਨ।
**www.frg.org.uk**

**ਕੋਰਮ ਬਾਲ ਕਾਨੂੰਨ ਕੇਂਦਰ** (**Coram Children's Legal Centre**) (CCLC) ਬੱਚਿਆਂ, ਕਿਸ਼ੋਰਾਂ ਅਤੇ ਉਹਨਾਂ ਦੇ ਪਰਿਵਾਰਾਂ, ਦੇਖਭਾਲ ਕਰਨ ਵਾਲੇ ਲੋਕਾਂ ਅਤੇ ਪੇਸ਼ੇਵਰਾਂ ਨੂੰ ਮੁਫਤ ਕਾਨੂੰਨੀ ਜਾਣਕਾਰੀ ਅਤੇ ਸਲਾਹ ਦੇਂਦਾ ਹੈ ਅਤੇ ਉਹਨਾਂ ਦੀ ਪ੍ਰਤਿਨਿਧਤਾ ਕਰਦਾ ਹੈ। ਬਾਲ ਕਾਨੂੰਨ, ਪਰਿਵਾਰ ਕਾਨੂੰਨ ਅਤੇ ਸਿੱਖਿਆ ਕਾਨੂੰਨ ਬਾਰੇ ਕਾਨੂੰਨੀ ਸਲਾਹ ਲੈਣ ਲਈ ਪਰਿਵਾਰ ਇਸਦੀ ਮੁਫਤ ਸਲਾਹ ਸੇਵਾ ਨੂੰ 08088 020 008 ਨੰਬਰ ਤੇ ਫੋਨ ਕਰ ਸਕਦੇ ਹਨ।
**www.childrenslegalcentre.com**

**ਸਿਟੀਜ਼ਨਜ਼ ਐਡਵਾਈਸ** (**Citizens Advice**) ਇੱਕ ਸੁਤੰਤਰ ਸੰਸਥਾ ਹੈ ਜੋ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਵਿਸ਼ੇ ਤੇ ਮੁਫਤ, ਗੁਪਤ ਅਤੇ ਨਿਰਪੱਖ ਸਲਾਹ ਦੇ ਸਕਦੀ ਹੈ। ਇਸਦੀ ਵੈਬਸਾਈਟ ਤੇ ਵੀ ਸਲਾਹ ਅਤੇ ਜਾਣਕਾਰੀ ਉਪਲਬਧ ਹੈ।
**www.citizensadvice.org.uk**

**ਫੈਮਿਲੀ ਲਾਈਵਜ਼** (**Family Lives**) ਇੱਕ ਕੌਮੀ ਚੈਰਿਟੀ ਹੈ ਜੋ ਪਰਿਵਾਰਕ ਜੀਵਨ ਦੇ ਹਰ ਪੱਖ ਲਈ ਮਦਦ ਅਤੇ ਸਹਾਰਾ ਪ੍ਰਦਾਨ ਕਰਦੀ ਹੈ। ਇਸਦੀ ਪੇਰੇਂਟਲਾਈਨ (0808 800 2222) ਨਾਂ ਦੀ ਇੱਕ ਗੁਪਤ ਸੇਵਾ ਹੈ ਜਿਸਨੂੰ ਮਾਤਾ-ਪਿਤਾ ਲੈਂਡ ਲਾਈਨਾਂ ਅਤੇ ਜ਼ਿਆਦਾਤਰ ਮੋਬਾਇਲਾਂ ਤੋਂ ਮੁਫਤ ਫੋਨ ਕਰ ਸਕਦੇ ਹਨ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਪਰਿਵਾਰਕ ਜੀਵਨ ਦੇ ਕਿਸੇ ਵੀ ਪੱਖ ਬਾਰੇ ਜਾਣਕਾਰੀ, ਸਲਾਹ, ਮਾਰਗ ਦਰਸ਼ਨ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ।
**www.familylives.org.uk**

**ਹੋਮ-ਸਟਾਰਟ ਯੂ.ਕੇ.** ਇੱਕ ਕੌਮੀ ਚੈਰਿਟੀ ਹੈ ਜੋ ਵਾਲੰਟੀਅਰਾਂ ਦੇ ਇੱਕ ਜਾਲ ਰਾਹੀਂ ਬੱਚਿਆਂ ਅਤੇ ਪਰਿਵਾਰਾਂ ਦੀ ਮਦਦ ਕਰਦੀ ਹੈ।
**www.home-start.org.uk**

**ਫੈਮਿਲੀ ਐਕਸ਼ਨ** ਇੱਕ ਚੈਰਿਟੀ ਹੈ ਜੋ ਅਸੁਖਾਵੀਂ ਹਾਲਤ ਵਿਚ ਅਤੇ ਸਮਾਜਕ ਤੌਰ ਤੇ ਇਕੱਲੇ ਰਹਿਣ ਵਾਲੇ ਪਰਿਵਾਰਾਂ ਦੀ ਅਮਲੀ, ਭਾਵਾਤਮਕ ਅਤੇ ਮਾਲੀ ਸਹਾਇਤਾ ਕਰਦੀ ਹੈ।
**www.family-action.org.uk**

**ਵਿਕਟੋਰੀਆ ਕਲਾਇੰਬੀ ਫਾਉਂਡੇਸ਼ਨ** (**Victoria Climbié Foundation**) ਬੱਚਿਆਂ ਦੀ ਸਮਾਜਕ ਸੰਭਾਲ, ਖਾਸ ਤੌਰ ਤੇ ਸੱਭਿਆਚਾਰਕ ਅਤੇ ਧਾਰਮਿਕ ਪੱਖਾਂ ਵਿਚ, ਰੁਝੇ ਹੋਏ ਬੱਚਿਆਂ, ਕਿਸ਼ੋਰਾਂ ਅਤੇ ਪਰਿਵਾਰਾਂ ਨੂੰ ਮੁਫਤ ਨਿਰਪੱਖ ਸਲਾਹ ਅਤੇ ਵਿਸ਼ੇਸ਼ੱਗ ਸਹਾਇਤਾ ਪ੍ਰਦਾਨ ਕਰਦੀ ਹੈ।
**www.vcf-uk.org**



© General Medical Council | The GMC is a charity registered in England and Wales (1089278) and Scotland (SC037750)
Code: GMC/WEDWCS-PU/1014